**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।**
**ਕੰਪਲੈਕਸ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ.ਨਗਰ।**
**(ਸਪੈਸ਼ਲ ਸੈਲ)**

ਹੁਕਮ ਨੰ: 10/121-18ਅ3/ ਸ.ਸੈਲ (6)
ਮਿਤੀ, ਐਸ.ਏ.ਐਸ.ਨਗਰ:-

**ਦੋਸ਼ ਸੂਚੀ**

1. ਸ੍ਰੀਮਤੀ ਸੋਨਿਕਾ ਸ਼ਰਮਾ,ਹਿੰਦੀ ਮਿਸਟਰੈਸ,ਸਸਸਸ,ਭਾਮ (ਹੁਸ਼ਿਆਰਪੁਰ) ਨੂੰ ਇਸ ਪੱਤਰ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਵਿਰੁਧ ਪੰਜਾਬ ਸਿਵਲ ਸੇਵਾ (ਸਜਾ ਤੇ ਅਪੀਲ) ਨਿਯਮਾਵਾਲੀ 1970 ਦੀ ਧਾਰਾ 8 ਅਧੀਨ ਸਜਾ ਦਾ ਉਪਬੰਧ ਹੈ, ਇਸ ਪੱਤਰ ਨਾਲ ਨੱਥੀ ਕੀਤੇ ਦੋਸ਼ ਵਿਵਰਣ ਵਿਚ ਦਰਸਾਏ ਦੋਸ਼ਾ ਸੰਬਧੀ ਕਾਰਵਾਈ ਕਰਨ ਦੀ ਤਜਵੀਜ ਹੈ।

2. ਕਰਮਚਾਰਨ ਨੂੰ ਦਸਿਆ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪੰਹੁਚ ਤੋ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਦਸੇ ਕਿ ਉਹ ਇਹਨਾਂ ਸਾਰਿਆਂ ਜਾਂ ਕਿਸੇ ਦੋਸ਼ ਨੂੰ ਮੰਨਦੀ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦੀ ਹੈ।

3. ਉਸ ਨੂੰ ਇਸ ਪੱਤਰ ਰਾਂਹੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਲਿਖਤੀ ਜੁਆਬ ਤਿਆਰ ਕਰਨ ਲਈ ਸਬੰਧਤ ਰਿਕਾਰਡ ਵੇਖਣਾ ਚਾਹੇ ਤਾਂ ਉਹ ਡਾਇਰੈਕਟੋਰੇਟ/ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ:) ਦੇ ਦਫਤਰ ਵਿਚ ਇਸ ਪੱਤਰ ਦੀ ਪਹੁੰਚ ਤੇ ਇਕ ਹਫਤੇ ਦੇ ਅੰਦਰ-ਅੰਦਰ ਵੇਖ ਸਕਦੀ ਹੈ। ਉਸ ਨੂੰ ਇਹ ਦਸਿੱਆ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪਰੋਕਤ ਅਫਸਰ ਦੇ ਪਾਸ ਹੋਵੇਗਾ ਅਤੇ ਜਿਸ ਦਾ ਸਿੱਧਾ ਸਬੰਧ ਇਸ ਕੇਸ ਨਾਲ ਹੋਵੇਗਾ। ਜੇ ਕਰ ਉਸ ਅਫਸਰ ਦੀ ਰਾਏ ਵਿਚ ਇਹ ਰਿਕਾਰਡ ਵਿਖਾਉਣਾਂ ਲੋਕ ਹਿਤ ਵਿਚ ਨਹੀ ਹੋਵੇਗਾ ਤਾਂ ਉਹ ਰਿਕਾਰਡ ਵਿਖਾਉਣ ਤੋ ਨਾਂਹ ਕਰ ਸਕਦਾ ਹੈ। ਜੇ ਕਰ ਉਹ ਕੋਈ ਹੋਰ ਸਬੰਧਤ ਰਿਕਾਰਡ, ਜੋ ਉਸ ਦਫਤਰ ਪਾਸ ਨਾਂ ਹੋਵੇ, ਵੇਖਣਾਂ ਚਾਹੇ ਤਾਂ ਉਸ ਦਾ ਸਬੰਧਤ ਰਿਕਾਰਡ ਨੂੰ ਨਾਂ ਵੇਖਣਾਂ ਉਸ ਦੇ ਲਿਖਦੀ ਜਵਾਬ ਵਿਚ ਦੇਰ ਨਾਲ ਦੇਣ ਦਾ ਯੋਗ ਕਾਰਨ ਨਹੀ ਮੰਨਿਆ ਜਾਵੇਗਾ ਅਤੇ ਲਿਖਤੀ ਜਵਾਬ ਇਸ ਪੱਤਰ ਦੇ ਨਿਸ਼ਚਿਤ ਸਮੇ ਦੇ ਅੰਦਰ-ਅੰਦਰ ਸਹੀਕਰਤਾ ਨੂੰ ਨਾਂ ਮਿਲਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਕੋਈ ਜਵਾਬ ਨਹੀ ਦੇਣਾ। ਜਵਾਬ ਨਾਂ ਦੇਣ ਦੀ ਸੂਰਤ ਵਿਚ ਕੇਸ ਦਾ ਇਕ ਤਰਫਾ ਫੈਸਲਾ ਕੇਸ ਦੇ ਗੁਣ ਦੋਸ਼ਾ ਦੇ ਆਧਾਰ ਤੇ ਕਰ ਦਿੱਤਾ ਜਾਵੇਗਾ।

ਲਿਖਤੀ ਜਵਾਬ ਜਿਲਾ ਸਿਖਿਆ ਅਫਸਰ (ਸੈ:ਸਿ:)ਹੁਸ਼ਿਆਰਪੁਰ ਰਾਂਹੀ ਭੇਜਿਆ ਜਾਵੇ ਅਤੇ ਇਸ ਦੀ ਇਕ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

**ਸੁਖਜੀਤਪਾਲ ਸਿੰਘ, ਪੀ ਸੀ ਐਸ**
**ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ।**

**ਰਜਿਸਟਰਡ ਵੱਲ,**

ਸ੍ਰੀਮਤੀ ਸੋਨਿਕਾ ਸ਼ਰਮਾ,ਹਿੰਦੀ ਮਿਸਟਰੈਸ,ਸਸਸਸ,ਭਾਮ (ਹੁਸ਼ਿਆਰਪੁਰ)

ਪਿੱਠ ਅੰਕਣ ਨੰ: ਉਕਤ 59091 ਮਿਤੀ ਐਸ.ਏ.ਐਸ ਨਗਰ:- 22/2/19

ਉਤਾਰਾ ਜਿਲਾ ਸਿਖਿਆ ਅਫਸਰ (ਸੈ:ਸਿ:) ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਦੋਸ਼ ਸੂਚੀ ਦੀ ਕਾਪੀ ਕਰਮਚਾਰਨ ਨੂੰ ਆਪਣੇ ਪੱਧਰ ਤੇ ਵੀ ਉਸ ਦੇ ਘਰ ਤੇ ਮੌਜੂਦਾ ਪੱਤੇ ਤੇ ਭੇਜੀ ਜਾਵੇ ਅਤੇ ਕਰਮਚਾਰਨ ਦਾ ਉਤਰ ਨਿਸ਼ਚਿਤ ਸਮੇ ਦੇ ਅੰਦਰ-ਅੰਦਰ ਪ੍ਰਾਪਤ ਕਰਕੇ ਆਪਣੀ ਟਿਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ।

**ਸਹਾਇਕ ਡਾਇਰੈਕਟਰ (ਸ:ਸੈਲ)**

## ਦੋਸ਼ ਸੂਚੀ

ਸ੍ਰੀਮਤੀ ਸੋਨਿਕਾ ਸ਼ਰਮਾ,ਹਿੰਦੀ ਮਿਸਟਰੈਸ,ਸਸਸਸ,ਭਾਮ (ਹੁਸ਼ਿਆਰਪੁਰ)ਵਿਰੁੱਧ ਦੋਸ਼ ਹੈ ਕਿ ਉਹ ਮਿਤੀ 26-04-16 ਤੋਂ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰਹਾਜਰ ਚੱਲ ਰਹੀ ਹੈ।। ਇਸ ਤਰ੍ਹਾਂ ਉਸਨੇ ਆਪਣੇ ਆਪਨੂੰ ਪੰਜਾਬ ਸਿਵਲ ਅਪੀਲ ਰੂਲਜ 1970 ਦੀ ਧਾਰਾ 8 ਅਧੀਨ ਸਜਾ ਦਾ ਭਾਗੀ ਬਣਾ ਲਿਆ ਹੈ।

## ਦੋਸ਼ ਵਿਵਰਣ

ਸ੍ਰੀਮਤੀ ਸੋਨਿਕਾ ਸ਼ਰਮਾ,ਹਿੰਦੀ ਮਿਸਟਰੈਸ,ਸਸਸਸ,ਭਾਮ (ਹੁਸ਼ਿਆਰਪੁਰ)ਵਿਰੁੱਧ ਦੋਸ਼ ਹੈ ਕਿ ਉਹ ਮਿਤੀ 26-04-16 ਤੋਂ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰਹਾਜਰ ਚੱਲ ਰਹੀ ਹੈ। ਉਸ ਵਲੋਂ ਮਿਤੀ 16-04-16 ਤੋ 25-4-16 ਤਕ ਮੈਡੀਕਲ ਛੁੱਟੀ ਲਈ ਸੀ ਪ੍ਰੰਤੂ ਉਸ ਵੱਲੋਂ ਮੈਡੀਕਲ ਸਰਟੀਫਿਕੇਟ ਪੇਸ਼ ਨਾਂ ਕਰਨ ਕਰਕੇ ਉਸਦੀ ਛੁੱਟੀ ਮੰਜੂਰ ਨਹੀਂ ਕੀਤੀ ਗਈ ਅਤੇ ਛੁੱਟੀ ਖਤਮ ਹੋਣ ਉਪਰੰਤ ਉਹ ਡਿਊਟੀ ਤੇ ਹਾਜਰ ਨਹੀਂ ਹੋਈ ਇਸ ਤਰ੍ਹਾਂ ਉਸਨੇ ਆਪਣੇ ਆਪਨੂੰ ਪੰਜਾਬ ਸਿਵਲ ਅਪੀਲ ਰੂਲਜ 1970 ਦੀ ਧਾਰਾ 8 ਅਧੀਨ ਸਜਾ ਦਾ ਭਾਗੀ ਬਣਾ ਲਿਆ ਹੈ।

## ਗਵਾਹਾਂ ਦੀ ਸੂਚੀ

1. ਸਬੰਧਤ ਸਕੂਲ ਮੁਖੀ।

## ਦਸਤਾਵੇਜਾ ਦੀ ਸੂਚੀ

1. ਜਿਲਾ ਸਿਖਿਆ ਅਫਸਰ (ਸ) ਹੁਸ਼ਿਆਰਪੁਰ ਵੱਲੋਂ ਭੇਜੀ ਰਿਪੋਰਟ।

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)ਪੰਜਾਬ